# ਨਿਰੰਤਰ ਸਰਵਪੱਖੀ ਮੁਲਾਂਕਣ (ਸੀ.ਸੀ.ਈ.) ਸਕੀਮ ਦਾ ਮੌਡਿਊਲ
# (ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਲਈ)

ਪੰਜਾਬ ਸਰਕਾਰ ਵੱਲੋਂ ਜਾਰੀ ਹਿਦਾਇਤਾਂ ਦੀ ਲੋਅ ਵਿੱਚ ਅਕਾਦਮਿਕ ਸਾਲ 2012-13 ਤੋਂ ਰਾਜ ਦੇ ਸਮੂਹ ਸਕੂਲਾਂ ਵਿੱਚ ਮੁੜ ਸਾਲਾਨਾ ਪ੍ਰੀਖਿਆ ਪ੍ਰਣਾਲੀ ਲਾਗੂ ਕੀਤੀ ਗਈ ਹੈ, ਜਿਸ ਅਧੀਨ ਨਿਰੰਤਰ ਸਰਵਪੱਖੀ ਮੁਲਾਂਕਣ (ਸੀ.ਸੀ.ਈ.) (Continuous & Comprehensive Evaluation) ਲਈ ਪੂਰਵ ਨਿਰਧਾਰਿਤ ਪ੍ਰਤੀ ਵਿਸ਼ਾ 30% ਅੰਕਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ।

ਸੀ.ਸੀ.ਈ. ਲਈ ਨਿਰਧਾਰਿਤ ਪ੍ਰਤੀ ਵਿਸ਼ਾ 30% ਅੰਕਾਂ ਨੂੰ ਆਧਾਰ ਮੰਨਦੇ ਹੋਏ ਬੋਰਡ ਵੱਲੋਂ ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਲਈ ਹੇਠ ਦਰਸਾਏ ਅਨੁਸਾਰ ਇੱਕ ਸਾਂਝਾ ਮੌਡਿਊਲ ਤਿਆਰ ਕੀਤਾ ਗਿਆ ਹੈ।

## ਸੀ.ਸੀ.ਈ. ਸਕੀਮ ਅਧੀਨ ਅੰਕ-ਵੰਡ

ਸੀ.ਸੀ.ਈ. ਸਕੀਮ ਨੂੰ ਵਧੇਰੇ ਪਾਰਦਰਸ਼ੀ ਬਣਾਉਣ ਲਈ ਅਤੇ ਵਿਦਿਆਰਥੀਆਂ ਦੀਆਂ ਸਾਰੇ ਸਾਲ ਦੀਆਂ ਵਿੱਦਿਅਕ ਅਤੇ ਸਹਿ-ਵਿੱਦਿਅਕ ਗਤੀਵਿਧੀਆਂ 'ਤੇ ਆਧਾਰਿਤ ਕਰਨ ਹਿੱਤ ਸੀ. ਸੀ. ਈ. ਦੇ ਅੰਕਾਂ ਦੀ ਵਿਸ਼ਾਵਾਰ ਵੰਡ ਹੇਠ ਦਰਸਾਏ ਅਨੁਸਾਰ ਕੀਤੀ ਜਾਂਦੀ ਹੈ।

1. **ਅਕਾਦਮਿਕ ਪ੍ਰਾਪਤੀਆਂ** — **200 ਅੰਕ**
   - i) ਤਿੰਨ ਮਹੀਨਾਵਾਰ ਟੈਸਟ (ਮਈ, ਅਗਸਤ ਅਤੇ ਨਵੰਬਰ) — 60 ਅੰਕ (20 ਅੰਕ ਪ੍ਰਤੀ ਟੈਸਟ)
   - ii) ਟਰਮ ਪ੍ਰੀਖਿਆ (ਸਤੰਬਰ) — 70 ਅੰਕ
   - iii) ਪ੍ਰੀ ਸਾਲਾਨਾ/ਪ੍ਰੀ ਬੋਰਡ ਪ੍ਰੀਖਿਆ (ਫਰਵਰੀ) — 70 ਅੰਕ
2. **ਸਹਿ ਅਕਾਦਮਿਕ ਪ੍ਰਾਪਤੀਆਂ** — **100 ਅੰਕ**

   **ਨੋਟ: ਸਹਿ ਅਕਾਦਮਿਕ ਪ੍ਰਾਪਤੀਆਂ ਅਧੀਨ ਦਰਸਾਏ ਪੱਖਾਂ (ਖੇਡਾਂ/ਸੱਭਿਆਚਾਰਕ ਕਿਰਿਆਵਾਂ ਤੋਂ ਇਲਾਵਾ) ਦਾ ਮੁਲਾਂਕਣ ਟਰਮ ਪ੍ਰੀਖਿਆ ਅਤੇ ਪ੍ਰੀ ਸਾਲਾਨਾ/ਪ੍ਰੀ ਬੋਰਡ ਪ੍ਰੀਖਿਆ ਦੇ ਨਾਲ ਸਿਰਫ਼ ਦੋ ਵਾਰ ਸਤੰਬਰ ਅਤੇ ਫਰਵਰੀ ਮਹੀਨੇ ਵਿੱਚ ਕੀਤਾ ਜਾਵੇਗਾ। ਖੇਡਾਂ/ਸੱਭਿਆਚਾਰਕ ਕਿਰਿਆਵਾਂ ਦਾ ਮੁਲਾਂਕਣ ਕੇਵਲ ਫਰਵਰੀ ਵਿੱਚ ਇਕ ਵਾਰ ਕੀਤਾ ਜਾਵੇਗਾ। ਟਰਮ ਪ੍ਰੀਖਿਆ ਦੌਰਾਨ ਵਿਦਿਆਰਥੀਆਂ ਦਾ ਅਪ੍ਰੈਲ ਤੋਂ ਸਤੰਬਰ ਮਹੀਨੇ ਤੱਕ ਅਤੇ ਪ੍ਰੀ ਬੋਰਡ ਪ੍ਰੀਖਿਆ ਦੌਰਾਨ ਅਕਤੂਬਰ ਤੋਂ ਫਰਵਰੀ ਮਹੀਨੇ ਤੱਕ ਦੀਆਂ ਸਹਿ ਅਕਾਦਮਿਕ ਪ੍ਰਾਪਤੀਆਂ ਦਾ ਮੁਲਾਂਕਣ ਕੀਤਾ ਜਾਵੇਗਾ।**
   - i) ਹੋਮਵਰਕ /ਅਸਾਈਨਮੈਂਟ/ਪ੍ਰੋਜੈਕਟ ਵਰਕ/ਪ੍ਰੈਕਟੀਕਲ ਐਕਟੀਵਿਟੀ ਵਰਕ ਦਾ ਮੁਲਾਂਕਣ — 20 ਅੰਕ (10 ਅੰਕ ਪ੍ਰਤੀ ਪ੍ਰੀਖਿਆ)
   - ii) ਹਾਜ਼ਰੀ — 20 ਅੰਕ (10 ਅੰਕ ਪ੍ਰਤੀ ਪ੍ਰੀਖਿਆ)
   - iii) ਵਿਅਕਤੀਤਵ ਵਿਕਾਸ ਕਿਰਿਆਵਾਂ (Life Skills) — 30 ਅੰਕ (15 ਅੰਕ ਪ੍ਰਤੀ ਪ੍ਰੀਖਿਆ)
   - iv) ਖੇਡਾਂ/ਸੱਭਿਆਚਾਰਕ ਕਿਰਿਆਵਾਂ — 30 ਅੰਕ (ਸਾਲਾਨਾ ਮੁਲਾਂਕਣ)

**ਕੁੱਲ ਜੋੜ — 300 ਅੰਕ**

**ਜ਼ਰੂਰੀ ਨੋਟ: ਸੀ.ਸੀ.ਈ. ਦੇ 30 ਅੰਕ, ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ (200 ਅੰਕ) ਅਤੇ ਸਹਿ ਅਕਾਦਮਿਕ ਕਿਰਿਆਵਾਂ (100 ਅੰਕ) ਦੇ ਬਣਦੇ ਕੁੱਲ ਜੋੜ, 300 ਅੰਕਾਂ ਦੇ ਦਸਵੇਂ ਹਿੱਸੇ ਵਜੋਂ ਦਰਸਾਏ ਜਾਣਗੇ।**

## ਮੁਲਾਂਕਣ ਵਿਧੀ

➢ **ਅਕਾਦਮਿਕ ਪ੍ਰਾਪਤੀਆਂ** **2●● ਅੰਕ**

i. ਡੀ.ਜੀ.ਐੱਸ.ਈ. ਪੰਜਾਬ ਵੱਲੋਂ ਜਾਰੀ ਵਿੱਦਿਅਕ ਕੈਲੰਡਰ ਵਿੱਚ ਦਰਸਾਈਆਂ ਮਿਤੀਆਂ ਅਨੁਸਾਰ 3 ਮਹੀਨਾਵਾਰ ਟੈਸਟ ਮਈ, ਅਗਸਤ ਅਤੇ ਨਵੰਬਰ ਮਹੀਨੇ ਵਿੱਚ ਅਧਿਆਪਕਾਂ ਵਲੋਂ ਉਹਨਾਂ ਦੀ ਸਹੂਲੀਅਤ ਅਨੁਸਾਰ ਲਏ ਜਾਣਗੇ। ਹਰੇਕ ਟੈਸਟ ਪ੍ਰਤੀ ਵਿਸ਼ਾ 2● ਅੰਕ ਦਾ ਹੋਵੇਗਾ।

ii. ਪਹਿਲੀ ਟਰਮ ਪ੍ਰੀਖਿਆ ਸਤੰਬਰ ਮਹੀਨੇ ਵਿੱਚ ਪ੍ਰਤੀ ਵਿਸ਼ਾ 7● ਅੰਕਾਂ ਵਿੱਚੋਂ ਲਈ ਜਾਵੇਗੀ। ਇਸ ਪ੍ਰੀਖਿਆ ਵਿੱਚ ਉਸ ਸਮੇਂ ਤੱਕ ਪੜ੍ਹਾਇਆ ਗਿਆ ਪਾਠ-ਕ੍ਰਮ ਸ਼ਾਮਿਲ ਕੀਤਾ ਜਾਵੇਗਾ।

iii ਪ੍ਰੀ ਸਾਲਾਨਾ/ਪ੍ਰੀ ਬੋਰਡ ਪ੍ਰੀਖਿਆ ਫਰਵਰੀ ਵਿੱਚ ਪੂਰੇ ਪਾਠ-ਕ੍ਰਮ ਵਿੱਚੋਂ ਲਈ ਜਾਵੇਗੀ। ਇਸ ਪ੍ਰੀਖਿਆ ਲਈ ਨਿਰਧਾਰਿਤ 7● ਅੰਕ ਪ੍ਰਤੀ ਵਿਸ਼ਾ ਦੀ ਅੰਕ ਵੰਡ ਬੋਰਡ ਵੱਲੋਂ ਤਿਆਰ ਕੀਤੀ ਵਿਸ਼ਾਵਾਰ ਅੰਕ ਵੰਡ ਸੂਚੀ ਦੇ ਆਧਾਰ ਤੇ ਕੀਤੀ ਜਾਵੇਗੀ।

iv) ਸੀ.ਸੀ.ਈ. ਦੇ ਅੰਕਾਂ ਤੋਂ ਇਲਾਵਾ, ਜਿਨ੍ਹਾਂ ਵਿਸ਼ਿਆਂ ਦੇ ਕੁੱਲ ਅੰਕ 7● ਅੰਕਾਂ ਤੋਂ ਘੱਟ/ਵੱਧ ਹਨ, ਉਹਨਾਂ ਵਿਸ਼ਿਆਂ ਦੇ ਅੰਕ ਅਨੁਪਾਤਕ ਤੌਰ ਤੇ ਘਟਾ/ਵਧਾ ਕੇ ਦਰਸਾਏ ਜਾਣਗੇ। ਇਹ ਅੰਕ ਬਾਕੀ ਵਿਸ਼ਿਆਂ ਦੀ ਤਰਾਂ 7● ਅੰਕਾਂ ਵਿੱਚੋਂ ਦਰਸਾਏ ਜਾਣਗੇ।

➢ **ਸਹਿ ਅਕਾਦਮਿਕ ਪ੍ਰਾਪਤੀਆਂ** **1●● ਅੰਕ**

- **ਹੋਮਵਰਕ /ਅਸਾਈਨਮੈਂਟ/ ਪ੍ਰੈਕਟੀਕਲ ਐਕਟੀਵਿਟੀ/ਪ੍ਰੋਜੈਕਟ ਵਰਕ ਦਾ ਮੁਲਾਂਕਣ**

**1●×2=2● ਅੰਕ**

i ਅਧਿਆਪਕ ਵਿਦਿਆਰਥੀਆਂ ਦਾ ਮਲਾਂਕਣ ਉਹਨਾਂ ਵੱਲੋਂ ਸਮਾਂਬੱਧ ਤਰੀਕੇ ਨਾਲ ਕੀਤੇ ਹੋਮ ਵਰਕ, ਪ੍ਰੈਕਟੀਕਲ ਐਕੈਟੀਵਿਟੀ ਅਤੇ ਪ੍ਰੋਜੈਕਟ ਵਰਕ ਦੇ ਆਧਾਰ ਤੇ ਕਰਨਗੇ।

ii ਅਧਿਆਪਕ ਵਿਦਿਆਰਥੀਆਂ ਕੋਲੋਂ ਸਾਲ ਵਿੱਚ ਘੱਟੋ-ਘੱਟ ਪ੍ਰਤੀ ਵਿਸ਼ਾ ਦੋ ਅਸਾਈਨਮੈਂਟਸ/ਪ੍ਰੋਜੈਕਟ ਤਿਆਰ ਕਰਵਾਉਣਗੇ।

- **ਹਾਜ਼ਰੀ** **1●×2=2● ਅੰਕ**

ਸਕੂਲ ਵਿੱਚ ਹਾਜ਼ਰੀਆਂ ਲਈ 1● ਅੰਕ ਪ੍ਰਤੀ ਮੁਲਾਂਕਣ ਨਿਰਧਾਰਿਤ ਕੀਤੇ ਗਏ ਹਨ, ਜਿਹਨਾਂ ਦੀ ਅੰਕ ਵੰਡ ਹੇਠ ਲਿਖੇ ਅਨੁਸਾਰ ਹੈ:

- 75% ਤੋਂ 8●% — 6 ਅੰਕ
- 81% ਤੋਂ 9●% — 8 ਅੰਕ
- 91% ਤੋਂ 1●●% — 1● ਅੰਕ

- **ਵਿਅਕਤੀਤਵ ਵਿਕਾਸ ਕਿਰਿਆਵਾਂ (Development of Life Skills)** 15×2=3● ਅੰਕ

ਅਧਿਆਪਕ ਵਿਦਿਆਰਥੀਆਂ ਦਾ ਉਹਨਾਂ ਦੇ ਹੇਠ ਲਿਖੇ ਗੁਣਾ ਦੇ ਆਧਾਰ ਤੇ ਮੁਲਾਂਕਣ ਕਰਨਗੇ:

- ਵਿਦਿਆਰਥੀ ਦਾ ਅਧਿਆਪਕਾਂ ਅਤੇ ਸਹਿਪਾਠੀਆਂ ਪ੍ਰਤੀ ਵਿਵਹਾਰ
- ਅਨੁਸ਼ਾਸਨ
- ਆਤਮ ਵਿਸ਼ਵਾਸ਼
- ਜ਼ਿਮੇਵਾਰੀ ਅਤੇ ਸਹਿਯੋਗ ਦੀ ਭਾਵਨਾ
- ਸਮੇਂ ਦੀ ਪਾਬੰਦੀ ਅਤੇ ਨਿਯਮਤਤਾ
- ਲੀਡਰਸ਼ਿਪ / ਅਗਵਾਈ ਦਾ ਗੁਣ

- **ਖੇਡ ਅਤੇ ਸਭਿਆਚਾਰਕ ਕਿਰਿਆਵਾਂ** **3● ਅੰਕ**

ਵਿਦਿਆਰਥੀਆਂ ਵੱਲੋਂ ਹੇਠ 'ੳ' ਅਤੇ 'ਅ' ਤੇ ਦਰਸਾਈਆਂ ਕਿਰਿਆਵਾਂ ਵਿੱਚੋਂ ਕਿਸੇ ਇੱਕ ਕਿਰਿਆ ਵਿੱਚ ਭਾਗ ਲੈਣਾ ਲਾਜ਼ਮੀ ਹੋਵੇਗਾ।

ੳ)

- ਖੇਡਾਂ
- ਬੋਰਡ ਵੱਲੋਂ ਕਰਵਾਏ ਜਾਂਦੇ ਵਿਦਿਅਕ ਮੁਕਾਬਲੇ
- ਸਾਇੰਸ ਪ੍ਰਦਰਸ਼ਨੀ/ ਸਾਇੰਸ ਡਰਾਮਾ/ ਸਾਇੰਸ ਸੈਮੀਨਾਰ
- ਐਨ.ਸੀ.ਸੀ./ ਐਨ.ਐਸ.ਐਸ./ ਗਰਲ ਗਾਈਡ/ ਸਕਾਉਟਿੰਗ

ਉਪਰੋਕਤ 'ੳ' ਕਿਰਿਆਵਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦਾ ਹੇਠ ਦਰਸਾਏ ਅਨੁਸਾਰ ਮੁਲਾਂਕਣ ਕੀਤਾ ਜਾਵੇਗਾ:

| | | |
|---|---|---|
| i | ਕੌਮੀ/ਰਾਜ/ਜ਼ਿਲ੍ਹਾ ਪੱਧਰ | 3● ਅੰਕ |
| ii | ਤਹਿਸੀਲ ਪੱਧਰ | 25 ਅੰਕ |
| iii | ਸਕੂਲ ਪੱਧਰ | 2● ਅੰਕ |

ਅ)

- ਵਾਤਾਵਰਨ ਸੁਰੱਖਿਆ/ਰੁੱਖ ਲਗਾਉਣੇ/ਆਲ਼ੇ-ਦੁਆਲ਼ੇ ਦੀ ਸਫ਼ਾਈ
- ਰਾਸ਼ਟਰੀ, ਧਾਰਮਿਕ ਅਤੇ ਸਮਾਜਿਕ ਮੇਲੇ ਆਦਿ

ਉਪਰੋਕਤ 'ਅ' ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦਾ ਮੁਲਾਂਕਣ ਹੇਠ ਲਿਖੇ ਅਨੁਸਾਰ ਕੀਤਾ ਜਾਵੇਗਾ।

- ਬਹੁਤ ਅੱਛਾ – 3● ਅੰਕ
- ਅੱਛਾ – 25 ਅੰਕ
- ਸੰਤੋਸ਼ਜਨਕ – 2● ਅੰਕ

## ਰਿਕਾਰਡ ਵਿਧੀ

i) ਸੀ.ਸੀ.ਈ. ਦੇ ਮੁਲਾਂਕਣ ਲਈ ਸਕੂਲ ਪੱਧਰ ਤੇ ਇੱਕ ਕਮੇਟੀ ਗਠਿਤ ਕੀਤੀ ਜਾਵੇਗੀ, ਜਿਸ ਦਾ ਇੰਚਾਰਜ ਸਕੂਲ ਮੁੱਖੀ ਹੋਵੇਗਾ। ਸ਼੍ਰੇਣੀ ਇੰਚਾਰਜ ਅਤੇ ਵਿਸ਼ਾ ਅਧਿਆਪਕ ਉਸ ਦੇ ਮੈਂਬਰ ਹੋਣਗੇ। ਵਿਦਿਆਰਥੀਆਂ ਨੂੰ ਸੀ.ਸੀ.ਈ. ਸਬੰਧੀ ਅੰਕ ਦੇਣ ਦੀ ਨਿਰੋਲ ਜ਼ਿੰਮੇਵਾਰੀ ਉਪਰੋਕਤ ਕਮੇਟੀ ਦੀ ਹੋਵੇਗੀ।

ii) ਵਿਦਿਆਰਥੀਆਂ ਨੂੰ ਸੀ.ਸੀ.ਈ. ਸਬੰਧੀ ਦਿੱਤੇ ਅੰਕਾਂ ਦਾ ਰਿਕਾਰਡ ਸਕੂਲ ਵੱਲੋਂ ਦੋ ਸਾਲ ਤੱਕ ਸੁਰੱਖਿਅਤ ਰੱਖਿਆ ਜਾਵੇਗਾ। ਬੋਰਡ/ਸਿੱਖਿਆ ਵਿਭਾਗ ਵੱਲੋਂ ਕਿਸੇ ਸਮੇਂ ਵੀ ਇਸ ਦਾ ਨਿਰੀਖਣ ਕੀਤਾ ਜਾਵੇਗਾ।